IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਮੁਗਲ ਕਾਲ ਵਿੱਚ ਰਚਿਤ ਸੰਗੀਤ ਸਾਹਿਤ ਦਾ ਵਿਵੇਚਨਾਤਮਕ ਅਧਿਐਨ

ਡਾ. ਰਿਸ਼ਪਾਲ ਸਿੰਘ ਵਿਰਕ,

ਸਹਾਇਕ ਪ੍ਰੋਫੈਸਰ, ਡਿਪਾਰਟਮੈਂਟ ਆਫ ਪ੍ਰਫਾਰਮਿੰਗ ਐਂਡ ਫਾਈਨ ਆਰਟਸ,

ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ

**ਸਾਰ**

ਸੰਗੀਤ ਕਲਾ ਪ੍ਰਾਚੀਨ ਸਮੇਂ ਤੋਂ ਕਾਲਾਂਤਰ ਵਿੱਚ ਨਿਰੰਤਰ ਵਿਕਸਿਤ ਹੁੰਦੀ ਆਈ ਹੈ।ਇਸ ਕਲਾ ਨੇ ਵੇਦਾਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਅਨੇਕਾਂ ਪੜਾਅ ਸਰ ਕੀਤੇ ਹਨ। ਇਸ ਸਮੁੱਚੇ ਸਫਰ ਵਿੱਚ ਸੰਗੀਤ ਦੇ ਕਿਰਿਆਤਮਕ ਅਤੇ ਸਿਧਾਂਤਕ ਦੋਵਾਂ ਪੱਖਾਂ ਤੋਂ ਆਪਣੇ ਆਪ ਨੂੰ ਸੰਜੀਵ ਰੱਖਣ ਦਾ ਯਤਨ ਕੀਤਾ ਹੈ ਜਿਸਦਾ ਸਿਹਰਾ ਸੰਗੀਤ ਵਿਦਵਾਨਾਂ, ਕਲਾਕਾਰਾਂ ਅਤੇ ਚਿੰਤਕਾਂ ਨੂੰ ਜਾਂਦਾ ਹੈ। ਕਿਸੇ ਵੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅਧਾਰ ਉਸ ਨਾਲ ਲਗਵੇਂ ਲਿਖਤੀ ਸਰੋਤ ਹੁੰਦੇ ਹਨ ਭਾਵ ਕਿਸੇ ਵੀ ਸੰਸਕ੍ਰਿਤੀ ਦੀ ਹੋਂਦ ਨੂੰ ਕਾਇਮ ਰੱਖਣ ਲਈ ਗ੍ਰੰਥਾਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਸੰਗੀਤ ਕਲਾ ਨਾਲ ਸਬੰਧਿਤ ਗ੍ਰੰਥਾਂ ਦਾ ਪ੍ਰਚਲਨ ਵੇਦਾਂ ਤੋਂ ਸ਼ੁਰੂ ਹੁੰਦਾ ਹੋਇਆ ਵਰਤਮਾਨ ਦੇ ਪ੍ਰਕਾਸਨ ਖੇਤਰ ਤੱਕ ਪਹੁੰਚਦਾ ਹੈ। ਇਸ ਖੋਜ ਪੱਤਰ ਵਿੱਚ ਮੁਗਲ ਕਾਲ ਸਮੇਂ ਪ੍ਰਕਾਸ਼ਿਤ ਕੁਝ ਮਹੱਤਵਪੂਰਨ ਗ੍ਰੰਥਾਂ ਦਾ ਵਿਵੇਚਨਾਤਮਕ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

**ਵਿਸ਼ੇਸ਼ ਸ਼ਬਦ**: ਮੁਗਲ ਕਾਲ, ਸੰਗੀਤ, ਗ੍ਰੰਥ, ਪ੍ਰਕਾਸ਼ਨ

ਬਾਬਰ ਦੀ ਜਿੱਤ ਤੋਂ ਬਾਦ 1526 ਈ: ਤੋਂ ਭਾਰਤ ਉੱਪਰ ਮੁਗਲਾਂ ਦਾ ਰਾਜ ਸਥਾਪਿਤ ਹੋ ਗਿਆ। ਬਾਬਰ ਪਹਿਲਾ ਮੁਗਲ ਬਾਦਸ਼ਾਹ ਸੀ ਇਸ ਤੋਂ ਬਾਅਦ ਹਿਮਾਯੂ, ਅਕਬਰ, ਜਹਾਂਗੀਰ ਅਤੇ ਸਾਹਜਹਾਂ ਅਤੇ ਔਰੰਗਜੇਬ ਆਦਿ ਸ਼ਾਸ਼ਕਾਂ ਨੇ ਰਾਜ ਕੀਤਾ। ਮੁਗਲ ਕਾਲ ਵਿੱਚ ਹੋਰਨਾਂ ਕਲਾਵਾਂ ਦੇ ਨਾਲ ਨਾਲ ਸੰਗੀਤ ਕਲਾ ਵਿੱਚ ਵੀ ਅਨੇਕ ਪਰਿਵਰਤਨ ਆਏ। ਮੁਗਲ ਕਾਲ ਦੇ ਪ੍ਰਥਮ ਚਰਨ ਵਿੱਚ ਖਿਆਲ ਗਾਇਨ ਸ਼ੈਲੀ ਦਾ ਜਨਮ ਹੋ ਚੁਕਿਆ ਸੀ। ਇਸ ਕਾਲ ਵਿੱਚ ਖਿਆਲ, ਤਰਾਨਾ, ਦਾਦਰਾ, ਗਜ਼ਲ ਅਤੇ ਕੱਵਾਲੀ ਆਦਿ ਗਾਇਨ ਸ਼ੈਲੀਆਂ ਦਾ ਵਧੇਰੇ ਪ੍ਰਚਾਰ ਰਿਹਾ। ਇਸ ਕਾਲ ਵਿੱਚ ਸਿੰਗਾਰ ਰਸ ਭਰਪੂਰ ਰਚਨਾਵਾਂ ਦਾ ਪ੍ਰਚਾਰ ਵਧਿਆ ਅਤੇ ਸੰਗੀਤ ਦੀ ਆਂਤਰਿਕ ਸੁੰਦਰਤਾ ਦਾ ਵਿਕਾਸ ਕੁਝ ਰੁਕਿਆ ਰਿਹਾ।ਮੁਗਲ ਕਾਲ ਦੇ ਦੂਜੇ ਚਰਣ ਵਿੱਚ ਜਲਾਲੁਦੀਨ ਮੁਹੰਮਦ ਅਕਬਰ ਦੇ ਸਾਸ਼ਨ ਕਾਲ ਵਿੱਚ ਸੰਗੀਤ ਕਲਾ ਨੂੰ ਵਧੇਰੇ ਪ੍ਰੋਤਸਾਹਨ ਮਿਲਿਆ। ਅਕਬਰ ਆਪ ਸੰਗੀਤ ਪ੍ਰੇਮੀ ਸੀ ਜਿਸ ਦੇ ਨਤੀਜੇ ਵਜੋਂ ਉਸਦੇ ਦਰਬਾਰ ਵਿੱਚ ਸੰਗੀਤਕਾਰਾਂ ਨੂੰ ਸਤਿਕਾਰਤ ਸਥਾਨ ਪ੍ਰਾਪਤ ਹੋਇਆ। ਇਸ ਸਮੇਂ ਦੇ ਪ੍ਰਮੁੱਖ ਸੰਗੀਤਕਾਰ ਤਾਨਸੇਨ, ਰਾਮਦਾਸ, ਸੁਬਹਾਂਨ ਖਾਂ, ਸੁਰ ਗਿਆਨ ਖਾਂ, ਮੀਆਂ ਚਾਂਦ, ਵਿਚਿਤਰ ਖਾਂ, ਮੀਆਂਲਾਲ, ਸਰੋਦ ਖਾਂ ਅਤੇ ਚਾਂਦ ਖਾਂ ਆਦਿ ਸਨ ਜਿਨ੍ਹਾਂ ਨੇ ਸੰਗੀਤ ਦੇ ਕਿਰਿਆਤਮਕ ਪੱਖ ਨੂੰ ਉਭਾਰਨ ਦੇ ਨਾਲ ਨਾਲ ਸਿਧਾਂਤਿਕ ਪੱਖ ਦੀ ਸਾਂਭ ਸੰਭਾਲ ਵਿੱਚ ਵੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਸ਼੍ਰੀਮਤੀ ਸ਼ਾਂਤੀ ਗੋਵਰਧਨ ਲਿਖਦੇ ਹਨ ਕਿ 'ਅਕਬਰ ਨੇ ਆਪਣੇ ਦਰਬਾਰ ਵਿੱਚ ਵਿਭਿੰਨ ਜਾਤਾਂ ਅਤੇ ਦੇਸ਼ਾਂ ਦੇ ਕੁੱਲ 36 ਗਾਇਕਾਂ ਨੂੰ ਰੱਖਿਆ ਹੋਇਆ ਸੀ ਜਿਸ ਵਿੱਚ ਤਾਨਸੇਨ, ਨਾਇਕ ਬੈਜੂ, ਨੌਬਤ ਖਾਂ, ਮਸੀਤ ਖਾਂ, ਤਾਨਰੰਗ ਖਾਂ, ਬਾਜ ਬਹਾਦੁਰ ਆਦਿ ਦੇ ਨਾਮ ਉਲੇਖਨੀਯ ਹਨ'[1] ਬਾਦਸ਼ਾਹ ਜਹਾਂਗੀਰ, ਸ਼ਾਹਜਹਾਂ ਅਤੇ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਵੀ ਸੰਗੀਤ ਕਲਾ ਦਾ ਪ੍ਰਚਾਰ ਪਾਸਾਰ ਨਿਰੰਤਰ ਜਾਰੀ ਰਿਹਾ। ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਆਪਣੇ

ਸਮੇਂ ਵਿੱਚ ਅਨੇਕ ਧਰੁਪਦਾਂ ਦਾ ਸੰਗ੍ਰਹਿ ਕਰਵਾਇਆ ਜੋ ਕਿ ਨਾਇਕ ਬਖਸ਼ੂ ਦੀਆਂ ਰਚਨਾਵਾਂ ਸਨ (ਇਸ ਸੰਗ੍ਰਹਿ ਨੂੰ ਸੰਗੀਤ ਨਾਟਕ ਅਕਾਦਮੀ ਨੇ ਪ੍ਰਕਾਸ਼ਿਤ ਕਰਵਾਇਆ ਜਿਸਦੇ ਸੰਪਾਦਕ ਡਾ. ਪ੍ਰੇਮਲਤਾ ਸ਼ਰਮਾ ਹਨ)। ਡਾ. ਸੰਜੀਵ ਲਿਖਦੇ ਹਨ ਕਿ 'ਮੁਗਲ ਸਮਰਾਟਾਂ ਨੇ ਸੰਗੀਤ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿਤਾ ਅਤੇ ਉਹਨਾਂ ਨੇ ਸੰਗੀਤ ਨੂੰ ਰਾਜ-ਆਸ਼ਰਯ ਦੇ ਕੇ ਪ੍ਰੋਤਸਾਹਿਤ ਕੀਤਾ'।[2] ਬਾਬਰ ਖੁਦ ਇਕ ਸੰਗੀਤਕਾਰ ਸੀ ਜਿਸਨੇ ਸੰਗੀਤ ਕਲਾ ਨਾਲ ਸਬੰਧਿਤ ਮਹੱਤਵਪੂਰਨ ਗ੍ਰੰਥ ਸੰਗੀਤ ਰਤਨਾਕਰ ਦਾ ਟੀਕਾ ਪੰਡਿਤ ਕੱਲੀਨਾਥ ਪਾਸੋਂ ਕਰਵਾਇਆ। ਮੁਹਈਉਦੀਨ ਮੁਹੰਮਦ ਔਰੰਗਜੇਬ ਦੇ ਸਾਸ਼ਨ ਕਾਲ ਦੌਰਾਨ ਵਿਲਾਸਤਾ ਪ੍ਰਧਾਨ ਵਾਤਾਵਰਣ ਹੋਣ ਕਾਰਣ ਸੰਗੀਤ ਕਲਾ ਦੇ ਵਿਕਾਸ ਵਿੱਚ ਵੀ ਖੜੋਤ ਆਈ ਪਰ ਸਮੁੱਚੇ ਰੂਪ ਵਿੱਚ ਮੁਗਲ ਕਾਲ ਸਮੇਂ ਜਿੱਥੇ ਸੰਗੀਤ ਦੇ ਕਿਰਿਆਤਮਕ ਪੱਖ ਵਿੱਚ ਅਨੇਕ ਪਰਿਵਰਤਨ ਆਏ ਉੱਥੇ ਸੰਗੀਤ ਦੇ ਸਿਧਾਂਤਕ ਕਾਰਜਾਂ ਵਿੱਚ ਉਸ ਤੀਬਰਤਾ ਜਰੂਰ ਆਈ। ਇਸ ਸਮੇਂ ਦੌਰਾਨ ਰਚਿਤ ਕੁਝ ਮਹੱਤਵਪੂਰਨ ਗ੍ਰੰਥਾਂ ਦਾ ਵਿਵੇਚਨਾਤਮਕ ਅਧਿਐਨ ਨਿਮਨ ਅਨੁਸਾਰ ਹੈ:

## ਸਵਰਮੇਲਕਲਾਨਿਧੀ

ਸੰਗੀਤ ਸ਼ਾਸਤਰ ਦੇ ਉੱਘੇ ਵਿਦਵਾਨ ਰਾਮਾਮਾਤਿਅ ਦੁਆਰਾ ਕਰਨਾਟਕੀ ਸੰਗੀਤ ਪੱਧਤੀ ਦਾ ਪਹਿਲਾ ਗ੍ਰੰਥ ਸਵਰਮੇਲਕਲਾਨਿਧੀ 16ਵੀਂ ਸ਼ਤਾਬਦੀ ਵਿੱਚ ਲਿਖਿਆ ਗਿਆ।[3] ਇਸ ਗ੍ਰੰਥ ਨੂੰ ਕਰਨਾਟਕੀ ਸੰਗੀਤ ਦਾ ਅਧਾਰ ਗ੍ਰੰਥ ਮੰਨਿਆ ਜਾਂਦਾ ਹੈ। ਮੁਖਾਰੀ ਮੇਲ ਨੂੰ ਸ਼ੁਧ ਸਪਤਕ ਮੰਨਣਾ ਅਤੇ 19 ਮੇਲਾਂ ਵਿੱਚ ਸਾਰੇ ਰਾਗਾਂ ਦਾ ਵਰਗੀਕਰਣ ਇਸ ਗ੍ਰੰਥ ਦੀਆਂ ਮੂਲ ਵਿਸੇਸ਼ਤਾਵਾਂ ਹਨ। ਇਸ ਗ੍ਰੰਥ ਵਿੱਚ ਅਧਿਆਇ ਦੀ ਜਗ੍ਹਾ 'ਪ੍ਰਕਰਣ' ਸ਼ਬਦ ਵਰਤਿਆ ਗਿਆ ਹੈ। ਇਸ ਗ੍ਰੰਥ ਨੂੰ ਪੰਜ ਪ੍ਰਕਰਣ (ਉਪੋਧਘਾਤ ਪ੍ਰਕਰਣ, ਸਵਰ ਪ੍ਰਕਰਣ, ਵੀਣਾ ਪ੍ਰਕਰਣ, ਮੇਲ ਪ੍ਰਕਰਣ, ਰਾਗ ਪ੍ਰਕਰਣ) ਅਧੀਨ ਵੰਡਿਆ ਗਿਆ ਹੈ। ਉਪੋਧਘਾਤ ਪ੍ਰਕਰਣ ਵਿੱਚ ਸੰਪੂਰਨ ਗ੍ਰੰਥ ਦਾ ਸੰਖੇਪ ਪਰਿਚੈ ਦਿਤਾ ਗਿਆ ਹੈ। ਸਵਰ ਪ੍ਰਕਰਣ ਵਿੱਚ ਸੰਗੀਤ ਦੀ ਪ੍ਰਸੰਸਾ, ਗੰਧਰਵ ਅਤੇ ਗਾਨ ਦੇ ਭੇਦ, ਸ਼ਰੁਤੀ, ਸਵਰ, ਸਪਤਕ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਵੀਣਾ ਪ੍ਰਕਰਣ ਵਿੱਚ ਵੀਣਾ ਨੂੰ ਮਿਲਾਉਣ ਦਾ ਢੰਗ, ਵੀਣਾ ਵਿਚੋਂ ਸ਼ੁਧ ਅਤੇ ਵਿਕਰਿਤ ਸਵਰ ਕੱਢਣ ਦਾ ਢੰਗ ਆਦਿ ਵਿਸ਼ੇ ਸ਼ਾਮਿਲ ਹਨ। ਮੇਲ ਪ੍ਰਕਰਣ ਵਿੱਚ 15 ਮੇਲਾਂ ਦਾ ਵਿਵਰਨ ਹੈ।ਰਾਗ ਪ੍ਰਕਰਣ ਵਿੱਚ ਰਾਗਾਂ ਨੂੰ ਤਿੰਨ ਅਧਿਆਇਆਂ ਵਿੱਚ ਵੰਡਿਆ ਗਿਆ ਹੈ ਜਿਸ ਵਿੱਚ ਉੱਤਮ ਰਾਗ ਦੇ 20, ਮੱਧਮ ਦੇ 15 ਅਤੇ ਅੱਧਮ ਦੇ 33 ਰਾਗ ਮੰਨੇ ਹਨ। ਰਾਮਾਮਾਤਿਅ ਨੇ ਆਪਣੇ ਸਮਕਾਲੀਨ ਪੁੰਡਰੀਕ ਵਿੱਠਲ ਅਤੇ ਸ਼੍ਰੀ ਕੰਠ ਦੁਆਰਾ ਪ੍ਰਮਾਣਿਤ 'ਸਵਯੰਭੂ ਨਾਦ' ਦਾ ਵੀ ਵਰਨਣ ਕੀਤਾ ਹੈ। ਉਪਰੋਕਤ ਵਿਸੇਸ਼ਤਾਵਾਂ ਕਰਕੇ ਇਹ ਗ੍ਰੰਥ ਭਾਰਤੀ ਸੰਗੀਤ ਦਾ ਬਹੁਤ ਹੀ ਮਹੱਤਵਪੂਰਨ ਗ੍ਰੰਥ ਹੈ।

## ਰਸ ਕੌਮੁਦੀ

ਇਸ ਗ੍ਰੰਥ ਦੀ ਰਚਨਾ ਸ਼੍ਰੀਕੰਠ ਦੁਆਰਾ 1575 ਈ: ਵਿੱਚ ਕੀਤੀ ਗਈ। ਸ਼੍ਰੀ ਕੰਠ ਸ਼ੌਰਾਸ਼ਟਰ ਦੇ ਦਵਾਰਿਕਾ ਦੇ ਨਜਦੀਕ ਨਵਾਂਨਗਰ ਦੇ ਸਾਸ਼ਕ ਸ਼੍ਰੀ ਸ਼ਤਰੂਸ਼ਲਿਆ ਦੇ ਦਰਬਾਰੀ ਕਵੀ ਸਨ। ਇਸ ਗ੍ਰੰਥ ਦੇ ਦਸ ਅਧਿਆਇ ਹਨ। ਪਹਿਲੇ ਪੰਜ ਅਧਿਆਇ ਸੰਗੀਤ ਨਾਲ ਸਬੰਧਿਤ ਹਨ। ਅੰਤਲੇ ਪੰਜ ਅਧਿਆਇ ਸਾਹਿਤ ਨਾਲ ਸਬੰਧਿਤ ਹਨ। ਪਹਿਲੇ ਅਧਿਆਇ ਵਿੱਚ ਮੰਗਲਾਚਰਣ, ਗੁਰੂ ਵੰਦਨਾ, ਦੇਸੀ ਅਤੇ ਮਾਰਗੀ ਸੰਗੀਤ, ਨਾਦ ਦੀ ਉੱਤਪਤੀ, ਨਾਦ ਭੇਦ, ਸ਼ਰੁਤੀਆਂ, ਸ਼ੁਧ ਅਤੇ ਵਿਕਰਿਤ ਸਵਰ, ਵਾਦੀ ਸੰਵਾਦੀ, ਗ੍ਰਾਨ ਮੂਰਛਨਾ ਅਤੇ ਅਲੰਕਾਰ ਆਦਿ ਵਿਸ਼ਿਆ ਦਾ ਉਲੇਖ ਮਿਲਦਾ ਹੈ। ਦੂਜੇ ਅਧਿਆਇ ਵਿੱਚ ਰਾਗ ਲਕਸ਼ਣ, ਵੀਣਾ ਤੇ ਸਵਰ ਸਥਾਪਨਾ, ਵੀਣਾ ਵਾਦਨ ਵਿੱਚ ਹੱਥਾਂ ਦਾ ਪ੍ਰਯੋਗ, ਰਾਗਾਂ ਦੀ ਵਿਸੇਸ਼ਤਾ, ਗਮਕ, ਗਮਕ ਦੇ ਲਛਣ ਅਤੇ ਦੋਸ਼ ਆਦਿ ਦਾ ਵਿਵੇਚਨ ਹੈ। ਅੰਤਲੇ ਅਧਿਆਇ ਵਿੱਚ ਤਾਲ ਦੀ ਉੱਤਪਤੀ, ਤਾਲ ਦੇ ਦਸ ਪ੍ਰਾਣ, ਪੰਜ ਮਾਤਰਾ ਅਤੇ 37 ਤਾਲਾਂ ਦਾ ਵਰਨਣ ਕੀਤਾ ਗਿਆ ਹੈ।

## ਪੁੰਡਰੀਕ ਵਿੱਠਲ ਦੇ ਗ੍ਰੰਥ

ਪੁੰਡਰੀਕ ਵਿੱਠਲ ਭਾਰਤੀ ਸੰਗੀਤ ਖੇਤਰ ਦਾ ਬਹੁਤ ਹੀ ਜਾਣਿਆ ਪਹਿਚਾਨਿਆ ਨਾਮ ਹੈ। ਪੁੰਡਰੀਕ ਵਿੱਠਲ ਨੇ ਸਦਰਾਗਚੰਦ੍ਰੋਦਯ, ਰਾਗਮਾਲਾ, ਰਾਗ ਮੰਜਰੀ ਅਤੇ ਨਰਿਤਨ ਨਿਰਣੈ ਆਦਿ ਗ੍ਰੰਥਾ ਦੀ ਰਚਨਾ ਕੀਤੀ। ਸਦਰਾਗਚੰਦ੍ਰੋਦਯ[4] ਗ੍ਰੰਥ ਦੱਖਣੀ ਸੰਗੀਤ ਪੱਧਤੀ ਉੱਪਰ ਅਧਾਰਿਤ ਹੈ। ਨਰਿਤਨ ਨਿਰਣੈ ਵਿੱਚ 22 ਸ਼ਰੁਤੀਆਂ ਦੀ ਬਜਾਇ 18 ਸ਼ਰੁਤੀਆਂ ਹੀ ਪ੍ਰਵਾਨ ਕੀਤੀਆਂ ਗਈਆਂ ਹਨ। ਰਾਗਮਾਲਾ ਅਤੇ ਰਾਗ ਮੰਜਰੀ ਗ੍ਰੰਥਾਂ ਵਿੱਚ ਉੱਤਰੀ ਭਾਰਤੀ ਸੰਗੀਤ ਪੱਧਤੀ ਦੇ ਰਾਗਾਂ ਦਾ ਵਰਨਣ ਹੈ।

## ਰਾਗ ਵਿਬੋਧ

ਰਾਗ ਵਿਬੋਧ ਗ੍ਰੰਥ ਦੀ ਰਚਨਾ ਪੰਡਿਤ ਸੋਮਨਾਥ ਨੇ ਕੀਤੀ। ਇਹ ਗ੍ਰੰਥ ਮੂਲ ਰੂਪ ਵਿੱਚ ਕਰਨਾਟਕੀ ਸੰਗੀਤ ਪੱਧਤੀ ਨਾਲ ਸਬੰਧਿਤ ਹੈ। ਆਧੁਨਿਕ ਤੋੜੀ ਥਾਟ ਦਾ ਉਲੇਖ ਸਰਵ ਪ੍ਰਥਮ ਪੰਡਿਤ ਸੋਮਨਾਥ ਨੇ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਗ੍ਰੰਥ 'ਰਾਗ ਵਿਬੋਧ' ਵਿੱਚ ਕੀਤਾ ਹੈ। ਰਾਗ ਵਿਬੋਧ ਵਿੱਚ ਸਵਰ ਵੀਣਾ, ਰਾਗਾਂ ਨੂੰ ਵੀਣਾ ਉੱਪਰ ਵਜਾਉਣ ਦਾ ਢੰਗ, ਮੇਲ, ਪ੍ਰਸਤਾਵ ਅਤੇ ਮੁੱਖ ਰਾਗਾਂ ਤੋਂ ਇਲਾਵਾ 75 ਜਨਯ ਰਾਗਾਂ ਦਾ ਉਲੇਖ ਕੀਤਾ ਗਿਆ ਹੈ।[5] ਪੰਡਿਤ ਸੋਮਨਾਥ ਨੇ ਸਵਰਾਂ ਦੇ ਚੜਾਉ ਨੂੰ ਤੀਵਰ, ਤੀਵਰਤਰ ਅਤੇ ਤੀਵਰਤਮ ਦਾ ਨਾਮ ਦਿਤਾ ਹੈ। ਆਪ ਮੇਲ ਥਾਟ ਅਤੇ ਸੰਸਥਾਨ ਨੂੰ ਸਮਾਨਾਰਥਕ ਮੰਨਦੇ ਹਨ। ਪੰਡਿਤ ਸੋਮਨਾਥ ਨੇ 19 ਗਮਕਾਂ ਦੇ ਚਿੰਨ੍ਹ ਦਸਦੇ ਹੋਏ ਰਾਗ ਅਲਾਪ ਦੇ ਸਵਰ ਲੇਖ ਅੰਕਿਤ ਕੀਤੇ ਹਨ ਜੋ ਇਸ ਗ੍ਰੰਥ ਦੀ ਮੂਲ ਵਿਸੇਸ਼ਤਾ ਵੀ ਹੈ। ਪੰਡਿਤ ਸੋਮਨਾਥ ਦੇ ਇਹਨਾਂ ਸਵਰਾਲੇਖਾਂ ਦੇ ਵਿਸ਼ੇ ਉੱਪਰ ਜਰਮਨ ਦੇ ਪੰਡਿਤ ਆਰ ਸਾਈਮਨ ਦੀ ਕਿਤਾਬ 'The Musical Composition of Somnathas' ਅੰਗਰੇਜੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਈ ਜਿਸ ਤੋਂ ਇਸ ਪੁਸਤਕ ਦੀ ਮਹੱਤਤਾ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ।

## ਚਤੁਰਦੰਡੀਪ੍ਰਕਾਸ਼ਿਕਾ

ਚਤੁਰਦੰਡੀਪ੍ਰਕਾਸ਼ਿਕਾ ਗ੍ਰੰਥ ਦੇ ਲੇਖਕ ਪੰਡਿਤ ਵਿਅੰਕਟਮਖੀ ਹਨ। ਇਸ ਗ੍ਰੰਥ ਦਾ ਰਚਨਾ ਕਾਲ 1620 ਮੰਨਿਆ ਜਾਂਦਾ ਹੈ। ਚਤੁਰਦੰਡੀਪ੍ਰਕਾਸ਼ਿਕਾ ਵਿੱਚ 72 ਮੇਲਾਂ ਅਤੇ ਵਿਕਰਿਤ ਸਵਰਾਂ ਦੀ ਗਿਣਤੀ ਦਾ ਉਲੇਖ ਮਿਲਦਾ ਹੈ। ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਨੇ ਇਸੇ ਅਧਾਰ ਤੇ ਉੱਤਰੀ ਸੰਗੀਤ ਪੱਧਤੀ ਵਿੱਚ ਥਾਟ ਰਾਗ ਵਰਗੀਕਰਣ ਅਤੇ ਸਪਤਕ ਦੇ ਸੱਤ ਸ਼ੁਧ ਅਤੇ ਪੰਜ ਵਿਕਰਿਤ ਸਵਰਾਂ ਦਾ ਵਿਧਾਨ ਦਸਿਆ ਹੈ। ਇਸ ਗ੍ਰੰਥ ਦੇ ਦਸ ਅਧਿਆਇ (ਵੀਣਾ ਪ੍ਰਕਰਣ, ਸ਼ਰੁਤੀ ਪ੍ਰਕਰਣ, ਸਵਰ ਪ੍ਰਕਰਣ, ਮੇਲ ਪ੍ਰਕਰਣ, ਰਾਗ ਪ੍ਰਕਰਣ, ਅਲਾਪ ਪ੍ਰਕਰਣ, ਪ੍ਰਬੰਧ ਪ੍ਰਕਰਣ, ਗੀਤ ਪ੍ਰਕਰਣ, ਠਾਅ ਪ੍ਰਕਰਣ ਅਤੇ ਤਾਲ ਪ੍ਰਕਰਣ) ਹਨ। ਸ਼ਰੁਤੀ ਪ੍ਰਕਰਣ ਵਿੱਚ ਸਵਰ ਅਤੇ ਸ਼ਰੁਤੀ ਦੇ ਭੇਦ ਤੋਂ ਜਾਣੂੰ ਕਰਵਾਇਆ ਗਿਆ ਹੈ। ਲੇਖਕ ਸ਼ਰੁਤੀ ਅਤੇ ਸਵਰ ਦੇ ਆਪਸੀ ਭੇਦ ਨੂੰ ਸੋਨੇ ਅਤੇ ਸੋਨੇ ਤੋਂ ਬਣੇ ਗਹਿਣੇ ਦੇ ਸਮਾਨਾਰਥਕ ਮੰਨਦਾ ਹੈ। ਆਪ ਨੇ 22 ਸ਼ਰੁਤੀਆਂ ਨੂੰ ਪ੍ਰਵਾਨਿਤ ਕੀਤਾ ਹੈ। ਵੀਣਾ ਪ੍ਰਕਰਣ ਵਿੱਚ ਵੀਣਾ ਦੇ ਸ਼ੁਧ ਮੇਲ ਵੀਣਾ, ਮੱਧ ਮੇਲ ਵੀਣਾ ਅਤੇ ਰਘੁਨਾਥੰਦ੍ਰ ਵੀਣਾ ਨਾਮੀ ਤਿੰਨ ਪ੍ਰਕਾਰ ਮੰਨੇ ਹਨ। ਸਵਰ ਪ੍ਰਕਰਣ ਵਿੱਚ ਮੁਖਾਰੀ ਰਾਗ ਦੇ ਸਵਰ ਸਮੂਹ ਸ਼ੁਧ ਮੰਨਿਆ ਹੈ ਜਿਸਦੇ ਸਵਰ ਹਿੰਦੁਸਤਾਨੀ ਸੰਗੀਤ ਅਨੁਸਾਰ ਸ, ਰੇ, ਰੇ, ਮ, ਪ, ਧ, ਸਂ ਹਨ। ਮੇਲ਼ ਪ੍ਰਕਰਣ ਵਿੱਚ ਪੰਡਿਤ ਵਿਅੰਕਟਮਖੀ ਨੇ 72 ਮੇਲਾਂ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਪਹਿਲਾਂ ਕਿਸੇ ਵੀ ਗ੍ਰੰਥਕਾਰ ਨੇ ਸੰਗੀਤ ਵਿੱਚ 72 ਮੇਲਾਂ ਦਾ ਵਿਧਾਨ ਨਹੀਂ ਦਰਸਾਇਆ। ਇਸਦੀ ਇਸੇ ਵਿਸੇਸ਼ਤਾ ਕਰਕੇ ਹੀ ਚਤੁਰਦੰਡੀਪ੍ਰਕਾਸ਼ਿਕਾ ਗ੍ਰੰਥ ਇੰਨੀ ਪ੍ਰਸਿੱਧੀ ਪ੍ਰਾਪਤ ਕਰ ਸਕਿਆ। ਪੰਡਿਤ ਭਾਤਖੰਡੇ ਨੇ ਵੀ ਇਹਨਾਂ 72 ਮੇਲਾਂ ਵਿੱਚੋਂ ਦਸ ਮੇਲਾਂ ਨੂੰ ਚੁਣਕੇ ਉੱਤਰੀ ਸੰਗੀਤ ਪੱਧਤੀ ਦੇ ਦਸ ਥਾਟਾਂ ਦਾ ਨਾਮਕਰਨ ਕਰਕੇ ਸਮੁੱਚੇ ਭਾਰਤੀ ਸੰਗੀਤ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਰਾਗ ਪ੍ਰਕਰਣ ਵਿੱਚ ਉਸ ਸਮੇਂ ਦੇ ਪ੍ਰਚਲਿਤ ਰਾਗਾਂ ਨੂੰ 19 ਮੇਲਾਂ ਵਿੱਚ ਵਰਗੀਕ੍ਰਿਤ ਕੀਤਾ ਹੈ। ਅਲਾਪ ਪ੍ਰਕਰਣ ਵਿੱਚ ਰਾਗਾਂ ਵਿੱਚ ਹੋਣ ਵਾਲੇ ਸ਼ਬਦ, ਅਲਾਪ, ਤਾਨ ਆਦਿ ਦਾ ਵਿਵਰਨ ਕੀਤਾ ਹੈ। ਪੰਡਿਤ ਵਿਅੰਕਟਮੁਖੀ ਅਨੁਸਾਰ ਸੰਪੂਰਨ ਰਾਗ ਵਿੱਚ 8, ਸ਼ਾੜਵ ਰਾਗ ਵਿੱਚ 7 ਅਤੇ ਔੜਵ ਰਾਗ ਵਿੱਚ 6 ਸਵਰ ਹੁੰਦੇ ਹਨ। ਪਰੰਤੂ ਸੰਗੀਤ ਖੇਤਰ ਦੇ ਹੋਰ ਵਿਦਵਾਨ (ਪੰਡਿਤ ਸ਼ਾਰੰਗਦੇਵ) ਇਸਨੂੰ ਪ੍ਰਵਾਨ ਨਹੀਂ ਕਰਦੇ। ਉਹ ਔੜਵ ਸ਼ਾੜਵ ਅਤੇ ਸੰਪੂਰਨ ਦੇ ਸਵਰਾਂ ਦੀ ਸੰਖਿਆ ਕ੍ਰਮਵਾਰ 5-6-7 ਮੰਨਦੇ ਹਨ। ਗੀਤ ਪ੍ਰਕਰਣ ਵਿੱਚ ਪੰਡਿਤ ਵਿਅੰਕਟਮੁਖੀ ਨੇ ਸੰਗੀਤ ਵਿੱਚ ਪ੍ਰਯੋਗ ਪ੍ਰਬੰਧਾਂ ਦੇ ਦੋ ਪ੍ਰਕਾਰ ਮੰਨੇ ਹਨ। ਪ੍ਰਬੰਧ ਪ੍ਰਕਰਣ ਵਿੱਚ ਪ੍ਰਬੰਧ ਦੇ ਛੇ ਅੰਗ (ਸਵਰ, ਵਿਰਦ, ਪਦ, ਸ਼ਲੋਕ, ਪਾਟ ਅਤੇ ਤਾਲ) ਦਿਤੇ ਗਏ ਹਨ।[6] ਇਹਨਾਂ ਅੰਗਾਂ ਦਾ ਵਿਵਰਨ ਸੰਗੀਤ ਰਤਨਾਕਰ ਵਾਲਾ ਹੀ ਹੈ। ਇਸ ਪ੍ਰਕਾਰ ਇਹ ਗ੍ਰੰਥ ਦੱਖਣੀ ਸੰਗੀਤ ਪੱਧਤੀ ਦਾ ਮੁੱਲਵਾਨ ਗ੍ਰੰਥ ਸਾਬਿਤ ਹੋਇਆ ਹੈ। ਦੇਖਿਆ ਜਾਵੇ ਤਾਂ ਚਤਰਦੰਡੀਪ੍ਰਕਾਸ਼ਿਕਾ ਉੱਤਰੀ ਸੰਗੀਤ ਪੱਧਤੀ ਦਾ ਅਧਾਰਿਕ ਗ੍ਰੰਥ ਹੈ। 12 ਸ਼ੁਧ ਸਵਰਾਂ ਦੀ ਸਥਾਪਨਾ, 72 ਮੇਲਾਂ ਦੀ ਸੰਖਿਆ ਨਿਰਧਾਰਤ ਕਰਨਾ , ਸਿੰਹਖ ਨਾਮਕ ਰਾਗ ਦੀ ਉੱਤਪਤੀ ਆਦਿ ਵਿਸ਼ੇ ਇਸ ਗ੍ਰੰਥ ਦੀਆਂ ਮੂਲ ਵਿਸੇਸ਼ਤਾਵਾਂ ਹਨ।

## ਸੰਗੀਤ ਦਰਪਣ

ਸੰਗੀਤ ਦਰਪਣ ਗ੍ਰੰਥ ਦੇ ਲੇਖਕ ਪੰਡਿਤ ਦਮੋਦਰ ਹਨ। ਪੰਡਿਤ ਦਮੋਦਰ ਨੇ ਇਸ ਗ੍ਰੰਥ 1625 ਈ: ਵਿੱਚ ਪ੍ਰਕਾਸ਼ਿਤ ਕਰਵਾਇਆ। ਪੰਡਿਤ ਦਮੋਦਰ ਨੇ ਸੰਗੀਤ ਦਰਪਣ ਗ੍ਰੰਥ ਵਿੱਚ ਕੇਵਲ ਦੋ ਅਧਿਆਇ ਲਿਖੇ ਹਨ। ਪਹਿਲੇ ਅਧਿਆਇ ਵਿੱਚ ਨਾਦ ਦੀ ਉੱਤਪਤੀ ਅਤੇ ਪ੍ਰਕਾਰ, ਸ਼ਰੁਤੀ, ਸਵਰ, ਲਛਣ, ਵਾਦੀ-ਸੰਵਾਦੀ, ਗ੍ਰਾਮ,ਸਵਰਾਂ ਦੇ ਕੁਲ ਰੰਗ, ਛੰਦ, ਰਸ, ਮੂਰਛਨਾ, ਵਰਣ,

ਅਲੰਕਾਰ, ਜਾਤੀ ਲਛਣ, ਗ੍ਰਹਿ, ਅੰਸ਼, ਆਦਿ ਵਿਸ਼ੇ ਚਰਚਾ ਦਾ ਅਧਾਰ ਬਣੇ ਹਨ। ਇਸ ਅਧਿਆਇ ਵਿੱਚ ਕੁੱਲ 171 ਸ਼ਲੋਕ ਹਨ। ਦੂਜੇ ਅਧਿਆਇ ਵਿੱਚ ਰਾਗ ਦੀ ਪਰਿਭਾਸ਼ਾ, ਰਾਗਾਂਗ, ਭਾਸ਼ਾਂਗ, ਕ੍ਰਿਆਂਗ ਅਤੇ ਉਪਾਂਗ, ਸ਼ੁਧ, ਛਾਇਅਲਗ, ਸੰਕੀਰਨ ਭੇਦ, ਔੜਵ, ਸ਼ਾੜਵ ਅਤੇ ਸੰਪੂਰਨ ਜਾਤੀਆਂ, ਸ਼ਿਵਮਤ ਦੇ ਰਾਗ ਅਤੇ ਰਾਗਨੀਆਂ, ਰਾਗਾਂ ਦਾ ਸਮੇਂ ਅਤੇ ਰੁਤਾਂ ਅਨੁਸਾਰ ਵਿਭਾਜਨ, ਹਨੂਮਤ ਦੇ ਰਾਗ ਅਤੇ ਰਾਗਨੀਆਂ ਆਦਿ ਵਿਸ਼ਿਆਂ ਉੱਪਰ ਚਰਚਾ ਕੀਤੀ ਗਈ ਹੈ। ਇਹ ਗ੍ਰੰਥ ਵੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦਾ ਮਹੱਤਵਪੂਰਨ ਗ੍ਰੰਥ ਹੈ। ਇਸ ਗ੍ਰੰਥ ਦਾ ਫਾਰਸੀ ਅਨੁਵਾਦ ਵੀ ਹੋ ਚੁੱਕਾ ਹੈ। ਇਸ ਗ੍ਰੰਥ ਦੇ ਹਿੰਦੀ ਭਾਸ਼ਾ ਦੇ ਅਨੁਵਾਦਕ ਪੰਡਿਤ ਵਿਸੰਭਰ ਨਾਥ ਭੱਟ ਹਨ ਜਿਸਨੂੰ ਸੰਗੀਤ ਕਾਰਲਯ ਹਾਥਰਸ ਨੇ ਪ੍ਰਕਾਸ਼ਿਤ ਕੀਤਾ।

## ਸੰਗੀਤ ਪਾਰਿਜਾਤ

ਸੰਗੀਤ ਪਾਰਿਜਾਤ ਦੀ ਰਚਨਾ ਪੰਡਿਤ ਅਹੋਬਲ ਨੇ 1650 ਈ: ਵਿੱਚ ਕੀਤੀ।[7] ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਪਾਰਿਜਾਤ ਉੱਤਰੀ ਭਾਰਤੀ ਸੰਗੀਤ ਪੱਧਤੀ ਦਾ ਗ੍ਰੰਥ ਹੈ। ਗ੍ਰੰਥ ਵਿੱਚਲੀ ਸਮਗਰੀ ਤੋਂ ਸਪਸ਼ਟ ਹੈ ਕਿ ਪੰਡਿਤ ਅਹੋਬਲ ਭਾਰਤੀ ਸੰਗੀਤ ਦੀਆਂ ਦੋਵਾਂ ਪੱਧਤੀਆਂ ਦੇ ਪ੍ਰਬਲ ਜਾਣਕਾਰ ਸਨ। ਸੰਗੀਤ ਪਾਰਿਜਾਤ ਦਾ ਸ਼ੁਧ ਸਪਤਕ ਵਰਤਮਾਨ ਕਾਫੀ ਥਾਟ ਦੇ ਸਮਾਨ ਸੀ। ਪੰਡਿਤ ਅਹੋਬਲ ਦੇ ਸ਼ੁਧ ਸਪਤਕ ਵਿੱਚ ਗੰਧਾਰ ਅਤੇ ਨਿਸ਼ਾਦ ਸਵਰ ਕੋਮਲ ਅਤੇ ਬਾਕੀ ਸਵਰ ਸ਼ੁਧ ਪ੍ਰਯੋਗ ਹੁੰਦੇ ਸੀ। ਪੰਡਿਤ ਅਹੋਬਲ ਨੇ ਸੰਗੀਤ ਪਾਰਿਜਾਤ ਵਿੱਚ 22 ਵਿਕਰਿਤ ਸਵਰ ਮੰਨੇ ਹਨ ਜਦਕਿ ਸੰਗੀਤ ਰਤਕਾਕਰ ਵਿੱਚ ਕੇਵਲ 12 ਸਵਰ ਵਿਕਰਿਤ ਮੰਨੇ ਹਨ। ਇਸ ਤੋਂ ਇਲਾਵਾ ਵੀਣਾ ਦੀ ਤਾਰ ਉੱਪਰ ਸਵਰ ਸਥਾਪਨਾ, ਮੇਲ ਪ੍ਰਕ੍ਰਿਆ ਅਤੇ ਭਿੰਨ-ਭਿੰਨ ਰਾਗਾਂ ਦਾ ਵਿਵੇਚਨ ਇਸ ਗ੍ਰੰਥ ਦੀਆਂ ਮੂਲ ਵਿਸੇਸ਼ਤਾਵਾਂ ਵਿੱਚ ਸ਼ਾਮਿਲ ਹਨ।

## ਹਿਰਦੈ ਕੌਤੁਕ-ਹਿਰਦੈ ਪ੍ਰਕਾਸ਼

ਹਿਰਦੈ ਕੌਤੁਕ-ਹਿਰਦੈ ਪ੍ਰਕਾਸ਼ ਗ੍ਰੰਥ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਗ੍ਰੰਥ ਹੈ ਜਿਸਦੀ ਰਚਨਾ ਹਿਰਦੈ ਨਰਾਇਣ ਦੇਵ ਨੇ ਸੰਨ 1660 ਈ: ਵਿੱਚ ਕੀਤੀ। ਇਸ ਗ੍ਰੰਥ ਵਿੱਚਲਾ ਸ਼ੁਧ ਸਪਤਕ ਰਾਗ ਤਰੰਗਣੀ ਵਾਲਾ ਹੈ। ਹਿਰਦੈ ਨਰਾਇਣ ਦੇਵ ਖੁਦ ਇਕ ਸੁਯੋਗ ਸੰਗੀਤਕਾਰ (ਵੀਣਾ ਵਾਦਕ) ਸਨ।

## ਰਾਗ ਤੱਤਵ ਵਿਬੋਧ

ਰਾਗ ਤੱਤਵ ਵਿਬੋਧ ਗ੍ਰੰਥ ਦੇ ਰਚਇਤਾ ਪੰਡਿਤ ਸ਼੍ਰੀ ਨਿਵਾਸ ਸਨ। ਇਸ ਗ੍ਰੰਥ ਦੇ ਰਚਨਾ ਕਾਲ ਬਾਰੇ ਵਿਦਵਾਨਾਂ ਵਿੱਚ ਮਤਭੇਦ ਹੈ। ਪੰਡਿਤ ਸ਼੍ਰੀ ਨਿਵਾਸ ਦਾ ਸ਼ੁਧ ਸਪਤਕ ਵਰਤਮਾਨ ਕਾਫੀ ਥਾਟ ਸਮਾਨ ਹੈ ਕਿਉਂਕਿ ਪੰਡਿਤ ਸ਼੍ਰੀ ਨਿਵਾਸ ਨੇ ਵੀਣਾ ਦੀ ਤਾਰ ਉੱਪਰ ਜੋ ਸਵਰ ਸਥਾਪਨਾ ਦਾ ਸਿਧਾਂਤ ਦਰਸਾਇਆ ਹੈ ਉਹ ਵਰਤਮਾਨ ਕਾਫੀ ਦੇ ਹੀ ਸਵਰ ਹਨ। ਸ਼੍ਰੀ ਨਿਵਾਸ ਨੇ ਰਾਗ ਤੱਤਵ ਵਿਬੋਧ ਨੂੰ ਅੱਠ ਅਧਿਆਇਆਂ ਵਿੱਚ ਵੰਡਿਆ ਹੈ। ਗ੍ਰੰਥ ਦੀ ਪ੍ਰਸਤਾਵਨਾ ਦੇ ਅੰਤਰਗਤ ਸ਼੍ਰੀ ਨਿਵਾਸ ਨੇ ਸੰਗੀਤ ਬਾਰੇ ਕੁੱਝ ਪਰਿਭਾਸ਼ਿਕ ਸ਼ਬਦਾਵਲੀ ਤੋਂ ਬਾਅਦ ਸੰਪੂਰਨ ਗ੍ਰੰਥ ਦੇ ਵਿਸ਼ਾ-ਵਸਤੂ ਬਾਰੇ ਚਾਨਣਾ ਪਾਇਆ ਹੈ। ਸ਼ਰੁਤੀ ਜਾਤੀ ਪ੍ਰਕਰਣ ਵਿੱਚ ਸ਼ਰੁਤੀਆਂ ਦੀਆਂ ਪੰਜ ਜਾਤੀਆਂ ਮੰਨੀਆਂ ਹਨ। 'ਸਵਰ ਪ੍ਰਕਰਣ' ਵਿੱਚ ਸ਼੍ਰੀ ਨਿਵਾਸ ਨੇ ਤੱਤਕਾਲੀਨ ਗ੍ਰੰਥਕਾਰਾਂ ਦੇ ਸ਼ਰੁਤੀ, ਸਵਰ ਅਤੇ ਮੂਰਛਨਾਵਾਂ ਦੇ ਮਤਭੇਦ ਸਬੰਧੀ ਕੁੱਝ ਮਹੱਤਵਪੂਰਨ ਤੱਥ ਸਪਸ਼ਟ ਕੀਤੇ ਹਨ। ਹੋਰ ਗ੍ਰੰਥਕਾਰਾਂ ਦੀ ਤਰ੍ਹਾਂ ਪੰਡਿਤ ਸ਼੍ਰੀ ਨਿਵਾਸ ਨੇ ਵੀ ਸ਼ੁਧ ਅਤੇ ਵਿਕਰਿਤ ਸਵਰਾਂ ਦੀ ਸਥਾਪਨਾ ਲਈ ਵੀਣਾ ਦੀ ਤਾਰ ਦੀ ਸਹਾਇਤਾ ਲਈ ਹੈ। ਪੰਡਿਤ ਸ਼੍ਰੀ ਨਿਵਾਸ ਦੇ ਸ਼ੁਧ ਅਤੇ ਵਿਕਰਿਤ ਸਵਰਾਂ ਦੀ ਸਥਾਪਨਾ ਪੰਡਿਤ ਅਹੋਬਲ ਦੇ ਸੰਗੀਤ ਪਾਰਿਜਾਤ ਵਾਲੀ ਹੈ। 'ਗ੍ਰਾਮ ਮੂਰਛਨਾ ਪ੍ਰਕਰਣ' ਵਿੱਚ ਪੰਡਿਤ ਸ਼੍ਰੀ ਨਿਵਾਸ ਨੇ ਸ਼ੜਜ ਗ੍ਰਾਮ ਨੂੰ ਮਾਨਤਾ ਦਿਤੀ ਹੈ। ਗਮਕ ਪ੍ਰਕਣ ਵਿੱਚ ਲੇਖਕ ਨੇ ਗਮਕ ਦੀ ਪਰਿਭਾਸ਼ਾ, ਅਰਥ ਅਤੇ ਪ੍ਰਕਾਰਾਂ ਦੀ ਚਰਚਾ ਕੀਤੀ ਹੈ। ਲੇਖਕ ਅਨੁਸਾਰ ਸਵਰ ਦਾ ਉਹ ਧਰਮ ਜੋ ਵਿਸੇਸ਼ ਕ੍ਰਿਆ ਤੋਂ ਉਤਪੰਨ ਹੋ ਕੇ ਸ਼ਰੋਤਿਆਂ ਨੂੰ ਆਨੰਦ ਦੀ ਪ੍ਰਾਪਤੀ ਦੇਵੇ, ਗਮਕ ਹੈ[8]। 'ਮੇਲ ਪ੍ਰਕਰਣ' ਅਧੀਨ ਮੇਲ ਨੂੰ

ਅਜਿਹੀ ਸ਼ਕਤੀ ਸਵੀਕਾਰ ਕੀਤਾ ਗਿਆ ਹੈ ਜਿਸ ਵਿੱਚ ਰਾਗ ਉਤਪੰਨ ਕਰਨ ਦੀ ਸਮਰਥਾ ਹੋਵੇ। ਰਾਗ ਮੇਲ ਤੋਂ ਹੀ ਉਤਪੰਨ ਹੁੰਦਾ ਹੈ ਪਰੰਤੂ ਉਸ ਵਿੱਚ ਆਰੋਹ ਅਤੇ ਅਵਰੋਹ ਦਾ ਹੋਣਾ ਲਾਜਮੀ ਹੈ। ਜਿਵੇਂ ਹੀ ਇਕ ਮੇਲ ਵਿੱਚ ਆਰੋਹ ਅਤੇ ਅਵਰੋਹ ਇਕੱਠੇ ਗਾਏ ਜਾਂ ਵਜਾਏ ਜਾਂਦੇ ਹਨ ਤਾਂ ਰਾਗ ਦੀ ਉੱਤਪਤੀ ਹੁੰਦੀ ਹੈ। ਹਰੇਕ ਸੰਪੂਰਨ ਮੇਲ ਤੋਂ ਔੜਵ, ਸ਼ਾੜਵ ਅਤੇ ਸੰਪੂਰਨ ਦੇ ਸਿਧਾਂਤ ਅਨੁਸਾਰ ਆਰੋਹ ਅਵਰੋਹ ਦਾ ਪ੍ਰਯੋਗ ਕਰਨ ਨਾਲ 484 ਰਾਗਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ। ਇਸੇ ਸਿਧਾਂਤ ਉੱਪਰ ਹੀ ਕਰਨਾਟਕੀ ਸੰਗੀਤ ਦਾ ਰਾਗ ਸਿਧਾਂਤ ਅਧਾਰਿਤ ਹੈ। 'ਰਾਗ ਪ੍ਰਕਰਣ' ਵਿੱਚ 101 ਰਾਗਾਂ ਦਾ ਵਰਨਣ ਕੀਤਾ ਗਿਆ ਹੈ। ਰਾਗ ਵਿਸਥਾਰ ਦੇ ਚਾਰ ਭੇਦ (ਉਦਗ੍ਰਹਿ, ਸਥਾਈ, ਸੰਚਾਰੀ, ਮੁਕਤਈ) ਮੰਨੇ ਹਨ। 'ਸ਼ਰੁਤੀ ਪ੍ਰਕਰਣ' ਵਿੱਚ ਸਵਰ ਸੰਵਾਦ ਅਤੇ ਗ੍ਰਾਮਾਂ ਬਾਰੇ ਚਰਚਾ ਕੀਤੀ ਹੈ। ਤਿੰਨਾਂ ਗ੍ਰਾਮਾਂ ਵਿਚੋਂ ਸ਼ੜਜ ਗ੍ਰਾਮ ਨੂੰ ਹੀ ਮਾਨਤਾ ਦਿਤੀ ਹੈ।

## ਅਨੂਪ ਸੰਗੀਤ ਵਿਲਾਸ, ਅਨੂਪ ਰਤਨਾਕਰ, ਅਨੂਪਾਕੁੰਸ਼

ਅਨੂਪ ਸੰਗੀਤ ਵਿਲਾਸ, ਅਨੂਪ ਰਤਨਾਕਰ, ਅਨੂਪਾਕੁੰਸ਼ ਤਿੰਨੇ ਗ੍ਰੰਥ ਪੰਡਿਤ ਭਾਵਭੱਟ ਹਨ ਜਿਨ੍ਹਾਂ ਨੂੰ ਮਹਾਂਰਾਜਾ ਅਨੂਪ ਸਿੰਘ (1674-1709) ਦਾ ਆਸ਼ਰਯ ਪ੍ਰਾਪਤ ਸੀ। ਉਪਰੋਕਤ ਗ੍ਰੰਥਾਂ ਦੇ ਸਿਰਲੇਖ ਵੀ ਮਹਾਰਾਜਾ ਅਨੂਪ ਸਿੰਘ ਦੇ ਆਸ਼ਰਯ ਤੋਂ ਪ੍ਰਭਾਵਿਤ ਹੋਏ ਜਾਪਦੇ ਹਨ। ਅਨੂਪ ਰਤਨਾਕਰ ਗ੍ਰੰਥ ਵਿੱਚ ਲੇਖਕ ਨੇ ਆਪਣੀ ਬੰਸਾਵਲੀ ਦਾ ਇਕ ਸ਼ਲੋਕ ਦਿਤਾ ਹੈ ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਡਿਤ ਭਾਵਭੱਟ ਦੇ ਪਿਤਾ ਜਨਾਰਦਨ ਸੰਸਕ੍ਰਿਤ ਦੇ ਵਿਦਵਾਨ ਅਤੇ ਸੁਪ੍ਰਸਿੱਧ ਸੰਗੀਤਕਾਰ ਸਨ। ਲੇਖਕ ਨੇ ਇਸ ਗ੍ਰੰਥ ਦੀ ਰਚਨਾ ਕਰਦੇ ਸਮੇਂ ਸੰਗੀਤ ਰਤਨਾਕਰ, ਸੰਗੀਤ ਦਰਪਣ, ਸਵਰਮੇਲਕਲਾਨਿਧੀ, ਰਾਗ ਵਿਬੋਧ, ਰਾਗ ਤੱਤਵ ਵਿਬੋਧ, ਰਾਗ ਕੌਤੁਕ, ਸਦਰਾਗਚੰਦ੍ਰੋਦਯ, ਰਾਗ ਮੰਜਰੀ, ਸੰਗੀਤ ਪਾਰਿਜਾਤ ਅਤੇ ਰਾਗਮਾਲਾ ਨੂੰ ਅਧਾਰ ਬਣਾਇਆ ਹੈ। ਪੰਡਿਤ ਭਾਵਭੱਟ ਦਾ ਮੁਖਾਰੀ ਸਪਤਕ ਸ਼ੁਧ ਸਪਤਕ ਦੇ ਸਮਾਨ ਹੈ। ਉਪਰੋਕਤ ਸਾਰੇ ਗ੍ਰੰਥ ਬੀਕਾਨੇਰ ਦੀ ਪੈਲੇਸ ਲਾਇਬ੍ਰੇਰੀ ਵਿੱਚ ਮੌਜੂਦ ਹਨ।

ਉਪਰੋਕਤ ਵਿਵੇਚਨਾਤਮਕ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਮੁਗਲ ਕਾਲ ਵਿੱਚ ਜਿੱਥੇ ਸੰਗੀਤ ਦੇ ਕਿਰਿਆਤਮਕ ਪੱਖ ਦਾ ਪ੍ਰਚਾਰ ਪਾਸਾਰ ਹੋਇਆ ਉੱਥੇ ਅਨੇਕ ਸੰਗੀਤ ਵਿਦਵਾਨਾਂ ਨੇ ਇਸ ਸਹਿਜ ਵਾਤਾਵਰਣ ਦਾ ਲਾਹਾ ਲੈਂਦਿਆਂ ਅਨੇਕ ਸੰਗੀਤ ਗ੍ਰੰਥਾਂ ਦੀ ਰਚਨਾ ਕੀਤੀ ਜੋ ਵਰਤਮਾਨ ਸਮੇਂ ਸਾਡੇ ਮੁੱਖ ਗ੍ਰੰਥਾਂ ਵਿੱਚੋਂ ਜਾਣੇ ਜਾਂਦੇ ਹਨ ਜਿਹਨਾਂ ਨੂੰ ਅਧਾਰ ਬਣਾ ਕੇ ਅੱਜ ਦੇ ਵਿਦਿਆਰਥੀ ਅਤੇ ਖੋਜਾਰਥੀ ਖੋਜ ਕਰਨ ਵਿੱਚ ਸਹਾਇਤਾ ਲੈਨਦੇ ਹਨ। ਮੁਗਲ ਕਾਲ ਦਾ ਬਹੁਤਾਤ ਸਮਾਂ ਸੰਗੀਤ ਕਲਾ ਲਈ ਸੁਖਦ ਰਿਹਾ ਭਾਵੇਂ ਔਰੰਗਜੇਬ ਦੇ ਸ਼ਾਸ਼ਨ ਕਾਲ ਦੌਰਾਨ ਸੰਗੀਤ ਕਲਾ ਦੇ ਪ੍ਰਚਾਰ ਪਾਸਾਰ ਵਿੱਚ ਕੁਝ ਖੜੋਤ ਜਰੂਰ ਆਈ ਪਰੰਤੂ ਫਿਰ ਵੀ ਸੰਗੀਤ ਲੇਖਕਾਂ ਨੇ ਸੰਗੀਤ ਦੇ ਸਿਧਾਂਤਿਕ ਪੱਖ ਨੂੰ ਸਾਭਣ ਲਈ ਆਪਣੀ ਤਪੱਸਿਆ ਜਾਰੀ ਰੱਖੀ।ਮੂਲ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਮੁਗਲ ਕਾਲ ਦਾ ਸਮਾਂ ਸੰਗੀਤ ਦੇ ਸਿਧਾਂਤਿਕ ਪੱਖ ਲਈ ਸੁਨਹਿਰੀ ਯੁੱਗ ਵਜੋਂ ਜਾਣਿਆ ਜਾ ਸਕਦਾ ਹੈ।

**ਸੰਦਰਭ:**

[1] ਸ਼੍ਰੀਮਤੀ ਸ਼ਾਂਤੀ ਗੋਵਰਧਨ, ਸੰਗੀਤ ਸ਼ਾਸਤਰ ਵਿਵੇਚਨ, ਪਾਠਕ ਪਬਲੀਕੇਸ਼ਨ ਇਲਾਹਾਬਾਦ, 2014, ਪੰਨਾ-140

[2] ਡਾ. ਸੰਜੀਵ, ਸੰਚਾਰ ਲੋਚਨ ਪੱਤ੍ਰਿਕਾ,7.11.2020 ਪੰਨਾ-1

[3] https://en.wikipedia.org/wiki/Svaramelakalanidhi

[4] https://sreenivasaraos.com/tag/sad-raga-chandodaya/

[5] https://mgkvp.ac.in/Uploads/Lectures/24/3911.pdf

[6] https://en.wikipedia.org/wiki/Chaturdandiprakashika

[7] https://hi.wikipedia.org/wiki/sangeet parijaat

[8] ਗਾਇਨ ਰੂਪ, ਡਾ. ਦਵਿੰਦਰ ਕੌਰ, ਪਰਲ ਬੁਕ ਪ੍ਰਾਈਵੇਟ ਲਿਮਟਿਡ ਪਟਿਆਲਾ, ਪੰਨਾ-10